# ਬੁੱੜੇਵਾਲ ਪਬਲਿਕ ਸਕੂਲ ਲੁਧਿਆਣਾ ਨੇ 3—0 ਨਾਲ ਜਿੱਤਿਆ

ਲੁਧਿਆਣਾ ਤੋਂ ਐਸ ਕੇ ਭਗਤ



ਅਖਿਲ ਭਾਰਤੀ ਟਾਟਾ ਟੀ ਜਾਗੋਂ ਰੇ ਇਂਟਰ ਮਿਲਾਨ ਸਾਕਰ ਸਟਾਰਜ਼ ਦੇ 5ਵੇਂ ਭਾਗ ਦਾ ਅਯੋਜਨ ਅੱਜ ਨਿਰਮਲ ਸਪੋਰਟਸ ਕੰਪਲੈਕਸ, ਸੈਕਟਰ —38, ਲੁਧਿਆਣਾ ਦੇ ਫੁੱਟਬਾਲ ਸਟੇਡੀਅਮ 'ਚ ਕੀਤਾ ਗਿਆ। 32 ਸਕੂਲਾਂ ਅਤੇ 350 ਤੋਂ ਜ਼ਿਆਦਾ ਬੱਚਿਆਂ ਨੇ ਇਸ ਟੂਰਨਾਮੈਂਟ 'ਚ ਭਾਗ ਲਿਆ। ਲੁਧਿਆਣਾ ਜੋਨਲ ਫੁੱਟਬਾਲ ਟੂਰਨਾਮੈਂਟ ਫਾਈਨਲ ਬੁੱੜੇਵਾਲ ਪਬਲਿਕ ਸਕੂਲ ਅਤੇ ਟੈਗ਼ੋਰ ਇਂਟਰਨੇਸ਼ਨਲ ਸਕੂਲ ਵਿਚਕਾਰ ਖੇਡਿਆ ਗਿਆ। ਬੁੱੜੇਵਾਲ ਪਬਲਿਕ ਸਕੂਲ ਨੇ ਟੈਗੋਰ ਇਂਟਰਨੇਸ਼ਨਲ ਸਕੂਲ ਨੂੰ 3—0 ਨਾਲ ਹਰਾ ਕੇ ਫਾਈਨਲ ਜਿੱਤ ਲਿਆ। ਬੁੱੜੇਵਾਲ ਪਬਲਿਕ ਸਕੂਲ ਦੀ ਤਰਫ ਤੋਂ ਆਸ਼ੀਸ਼ ਨੇ 2 ਅਤੇ ਸੁਖਮਨ ਨੇ ਇੱਕ ਗੋਲ ਕੀਤਾ। ਇਸ ਤੋਂ ਪਹਿਲਾਂ ਸੇਮੀ ਫਾਈਨਲ ਵਿਚ ਬੁੱੜੇਵਾਲ ਪਬਲਿਕ ਸਕੂਲ ਦਾ ਮੁਕਾਬਲਾ ਅੱਜ ਰੈਯਾਨ ਇਂਟਰਨੇਸ਼ਨਲ ਸਕੂਲ ਨਾਲ ਅਤ ਟੈਗੋਰ ਇਂਟਰਨੇਸ਼ਨਲ ਸਕੂਲ ਦਾ ਮੁਕਾਬਲਾ ਜੀਐਸਐਸਐਸ ਜਿੰਦਾਲੀ ਨਾਲ ਹੋਇਆ। ਬੁੱੜੇਵਾਲ ਪਬਲਿਕ ਸਕੂਲ ਨੇ ਰੈਯਾਨ ਇਂਟਰਨੇਸ਼ਨਲ ਸਕੂਲ ਨੂੰ 4 –0 ਨਾਲ ਹਰਾ ਕੇ ਫਾਈਨਲ ਵਿੱਚ ਆਪਣਾ ਸਥਾਨ ਪੱਕਾ ਕੀਤਾ। ਬੁੱੜੇਵਾਲ ਪਬਲਿਕ ਸਕੂਲ ਦੀ ਤਰਫ ਤੋਂ ਹਰਪਰੀਤ ਸਿੰਘ ਨੇ ਇੱਕ, ਸੋਨੂ ਨੇ 2 ਅਤੇ ਸੁਖਮਨ ਨੇ 1 ਗੋਲ ਕੀਤਾ। ਟੈਗੋਰ ਇਂਟਰਨੇਸ਼ਨਲ ਸਕੂਲ ਅਤੇ ਜੀਐਸਐਸਐਸ ਜਿੰਦਾਲੀ ਵਿਚਕਾਰ ਹੋਏ ਸੈਮੀ ਫਾਈਨਲ ਮੁਕਾਬਲੇ ਵਿੱਚ ਟੈਗੋਰ ਇਂਟਰਨੇਸ਼ਨਲ ਸਕੂਲ ਨੇ ਜੀਐਸਐਸਐਸ ਜਿੰਦਾਲੀ ਨੂੰ 1– 0 ਨਾਲ ਹਰਾਇਆ। ਟੈਗੋਰ ਇਂਟਰਨੇਸ਼ਨਲ ਸਕੂਲ ਦੀ ਤਰਫ ਤੋਂ ਹਰਿਦਰਦੀਪ ਸਿੰਘ ਨੇ 1 ਗੋਲ ਕੀਤਾ। ਟਾਟਾ ਟੀ ਜਾਗੋ ਰੇ ਇਂਟਰ ਮਿਲਨ ਸਾਕਰ ਸਟਾਰਜ਼ ਇੱਕ ਪਹਿਲ ਹੈ ਜੋ ਦੇਸ਼ ਭਰ ਦੇ ਸ਼ਹਿਰਾਂ ਵਿੱਚ ਅਯੋਜਿੱਤ ਕੀਤੀ ਜਾ ਰਹੀ ਹੈ ਜਿਸ ਵਿਚ ਹੁਣ ਤੀਕ 5 ਸ਼ਹਿਰਾਂ ਦੇ 180 ਤੋਂ ਜਿਆਦਾ ਸਕੂਲ ਅਤੇ 1900 ਤੋਂ ਜਿਆਦਾ ਵਿੱਦਿਆਰਥੀ ਭਾਗ ਲੇ ਰਹੇ ਹਨ।